**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**

**(ਕੋਆਰਡੀਨੇਸ਼ਨ ਸੈਲ)**

ਵੱਲ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ.) ਪੰਜਾਬ।

ਮੀਮੋ ਨੰ: 15/1-2017 ਕੋ ਸੈਲ (1)/23
ਮਿਤੀ: 27.04.2017

**ਵਿਸ਼ਾ :-** **ਰਾਜ ਮੰਤਰੀ ਉਚੇਰੀ ਸਿੱਖਿਆ ਤੇ ਸਕੂਲ ਸਿੱਖਿਆ ਵਿਭਾਗ, ਪੰਜਾਬ ਜੀ ਵੱਲੋਂ ਡੈਪੂਟੇਸ਼ਨ ਤੇ ਗਏ ਅਧਿਆਪਕਾਂ ਸਬੰਧੀ ਵਿਸ਼ੇਸ ਹਦਾਇਤਾਂ ।**

ਹਵਾਲਾ:- ਦਫਤਰ ਰਾਜ ਮੰਤਰੀ, ਉਚੇਰੀ ਸਿੱਖਿਆ ਤੇ ਸਕੂਲ ਸਿੱਖਿਆ, ਪੰਜਾਬ ਦਾ ਡਾਇਰੀ ਨੰ: 389 ਮਿਤੀ 24.04.2017।

******

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਪੱਤਰ ਦੀਆਂ ਹਦਾਇਤਾ ਦੀ ਇੰਨ-ਬਿਨ੍ਹ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਨੱਥੀ:- ਹਦਾਇਤਾ ਦੀ ਕਾਪੀ

ਸੁਪਰਡੰਟ ਕੋਆਰਡੀਨੇਸ਼ਨ ਸੈਲ

ਪਿੱਠ ਅੰਕਣ ਨੰ: ਉੱਕਤ ਮਿਤੀ :- 27.04.2017

ਉਪਰੋਕਤ ਦਾ ਉੱਤਾਰਾ ਦਫਤਰ ਡੀ.ਪੀ.ਆਈ.(ਸੈ.ਸਿ.) ਪੰਜਾਬ ਵਿੱਖੇ ਸਮੂਹ ਸਾਖਾਵਾਂ ਦੇ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ ਕੋਆਰਡੀਨੇਸ਼ਨ ਸੈਲ

ਪੰਜਾਬ ਸਰਕਾਰ

ਦਫਤਰ: ਰਾਜ ਮੰਤਰੀ, ਉਚੇਰੀ ਸਿੱਖਿਆ ਤੇ ਸਕੂਲ ਸਿੱਖਿਆ ਪੰਜਾਬ।

ਮੇਰੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਟੀਚਿੰਗ ਕਾਡਰ ਦੇ ਅਧਿਕਾਰੀ/ਕਰਮਚਾਰੀ ਵੱਖ-ਵੱਖ ਸਕੂਲਾਂ ਵਿੱਚ ਡੈਪੂਟੇਸ਼ਨ ਤੇ ਕੰਮ ਕਰ ਰਹੇ ਹਨ ਅਤੇ ਜਿੱਥੇ ਉਨ੍ਹਾਂ ਦੀ ਪੱਕੇ ਤੌਰ ਤੇ ਤੈਨਾਤੀ ਹੁੰਦੀ ਹੈ ਉੱਥੇ ਬੱਚਿਆਂ ਦੀ ਪੜਾਈ ਦਾ ਬਹੁਤ ਨੁਕਸਾਨ ਹੁੰਦਾ ਹੈ। ਇਹ ਇੱਕ ਬਹੁਤ ਹੀ ਗੰਭੀਰ ਮਸਲਾ ਹੈ। ਸਾਰੇ ਪ੍ਰਿੰਸੀਪਲ/ਹੈਡਮਾਸਟਰਾਂ (ਡਰਾਇੰਗ ਐਂਡ ਡਿਸਬਰਸਿੰਗ ਅਫਸਰਾਂ) ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਅਧੀਨ ਕੰਮ ਕਰਦੇ ਸਟਾਫ ਦੀ ਤਨਖਾਹ ਕਢਵਾਉਣ ਅਤੇ ਵੰਡਣ ਵੇਲੇ ਇਹ ਯਕੀਨੀ ਬਨਾਉਣਗੇ ਕਿ ਇੱਥੋਂ ਕੋਈ ਵੀ ਅਧਿਕਾਰੀ/ਕਰਮਚਾਰੀ ਡੈਪੂਟੇਸ਼ਨ ਤੇ ਨਹੀਂ ਗਿਆ ਹੋਇਆ। ਇਸ ਸਬੰਧੀ ਜੇਕਰ ਕਿਸੇ ਕਿਸਮ ਦੀ ਅਣਗਹਿਲੀ ਨੋਟਿਸ ਵਿਚ ਆਈ ਤਾਂ ਸਾਰੀ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ/ਹੈਡਮਾਸਟਰਾਂ (ਡਰਾਇੰਗ ਐਂਡ ਡਿਸਬਰਸਿੰਗ ਅਫਸਰਾਂ) ਦੀ ਹੋਵੇਗੀ। ਜੇਕਰ ਕਿਸੇ ਕਾਰਨ ਕਰਕੇ ਬਹੁਤ ਹੀ ਅਤਿਅੰਤ ਲੋੜ ਹੋਵੇ, ਅਤੇ ਬੱਚਿਆਂ ਦੀ ਪੜਾਈ ਦਾ ਨੁਕਸਾਨ ਹੋ ਰਿਹਾ ਹੋਵੇ ਤਾਂ ਨਜਦੀਕ ਦੇ ਸਕੂਲ ਵਿੱਚੋਂ ਕਿਸੇ ਦੀ ਵਾਧੂ ਤੌਰ ਤੇ ਡਿਊਟੀ ਲਗਾਉਣ/ਡੈਪੂਟੇਸ਼ਨ ਦੀ ਲੋੜ ਜਾਪੇ ਤਾਂ ਸਬੰਧਤ ਡੀ.ਪੀ.ਆਈ ਤੋ ਪ੍ਰਵਾਨਗੀ ਲੈ ਲਈ ਜਾਵੇ।

ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ੍ਹ ਪਾਲਣਾ ਕੀਤੀ ਜਾਵੇ।

21.4.17

ਮੰ. ਉ.ਸਿੱ ਤੇ ਸ. ਸਿੱ. ਪੰਜਾਬ

ਵ.ਮ.ਸ/ਸ.ਸਿ

ਦਫਤਰ ਰਾਜ ਮੰਤਰੀ ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ, ਪੰਜਾਬ
ਡਾਇਰੀ ਨੰ: 280
ਮਿਤੀ 24/4/17

ਦਫਤਰ ਵਧੀਕ ਮੁੱਖ ਸਕੱਤਰ
ਸਕੂਲ ਸਿੱਖਿਆ ਵਿਭਾਗ
ਡਾਇਰੀ ਨੰ: E3858
ਮਿਤੀ 26/4/17

25/4/17

JSSE
DPI(SE)